
ਪੰਥ ਕੀ ਜੀਤ

ਪੰਥ ਕੀ ਜੀਤ

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ




ਦੁਹੂ ਗ੍ਰੰਥ ਮੈ ਬਾਣੀ ਜੋਈ ॥ ਚੁੰਨ ਚੁੰਨ ਕੰਠ ਕਰੇ ਨਿਤ ਸੋਈ ॥



ਪਾਉਂਟਾ ਸਾਹਿਬ ਵਿਖੇ ਕਲਗੀਧਰ ਜੀ ਦੀਆਂ ਇਤਿਹਾਸਕ ਕਲਮਾਂ

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥

## ਦਸ ਗੁਰੂ ਸਾਹਿਬਾਨ ਜੀ ਨੇ ਸਮੁੱਚੀ ਮਾਨਵਤਾ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

## 'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥'

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਸਿੱਖ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗ ਕੇ ਜ਼ਿੰਦਗੀ ਦੇ ਹਰ ਪਲ ਨੂੰ ਜਿਉਣ ਦੀ ਜਾਚ ਸਿਖਾਈ। ਸਚ ਦਾ ਪਾਂਧੀ ਵਾਹਿਗੁਰੂ ਜੀ ਦਾ ਖਾਲਸਾ ਸਾਜਿਆ। ਖਾਲਸਾਈ ਸ਼ਾਨੋ-ਸ਼ੌਕਤ ਬਖਸ਼ਣ ਵਾਲੇ, ਜਾਪੁ ਸਾਹਿਬ ਰਾਹੀਂ ਪ੍ਰਮਾਤਮਾ ਨੂੰ ਨਮਸਕਾਰ ਕਰਨੀ ਸਿਖਾਉਣ ਵਾਲੇ, ਅਕਾਲ ਉਸਤਤ ਦੁਆਰਾ ਵਿਆਪਕ ਸਰੂਪ ਵਿਖਾਉਣ ਵਾਲੇ, ਜੀਵਨ ਦੇ ਬਚਿੱਤਰ ਨਾਟਕ ਸਦਕੇ ਜੀਵਨ ਵਿਚ ਜੁਝਾਰੂਪਣ ਭਰਨ ਵਾਲੇ ਅਤੇ ਕਿਰਦਾਰ ਨੂੰ ਉੱਚਾ ਰੱਖਣ ਲਈ ਅਕਾਲ ਪੁਰਖ ਅੱਗੇ ਬੇਨਤੀ ਕਰਨੀ ਸਿਖਾਉਣ ਵਾਲੇ

**ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੀ ਪਾਵਨ ਪਵਿੱਤਰ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ**

# ਸ਼ੁੱਧ ਗੁਰਬਾਣੀ ਪਾਠ ਬੋਧ ਸਮਾਗਮ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਦਲ ਪੰਥ ਨਿਹੰਗ ਸਿੰਘਾਂ, ਸਮੂਹ ਮਹਾਂਪੁਰਖਾਂ ਅਤੇ ਪੰਥਕ ਜਥੇਬੰਦੀਆਂ ਵੱਲੋਂ

# ਗੁਰਦੁਆਰਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ

## ਵਿਖੇ ਬਹੁਤ ਹੀ ਸ਼ਰਧਾ ਭਾਵਨਾ ਤੇ ਚਾਅ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।

### ਨੋਟ

- ਅਰੰਭ ਤੋਂ ਸਮਾਪਤੀ ਤੱਕ ਸਮਾਗਮ ਵਿਚ ਹਿੱਸਾ ਲੈਣ ਵਾਲੇ ਗ੍ਰੰਥੀ ਸਿੰਘਾਂ ਨੂੰ ਹੀ ਬੈਠਨ ਦੀ ਆਗਿਆ ਹੋਵੇਗੀ।
- ਗੁਰਬਾਣੀ ਸਬੰਧੀ ਸ਼ੰਕਿਆਂ ਦੇ ਉਤਰ ਗੁਰਮਤਿ ਆਸ਼ੇ ਅਨੁਸਾਰ ਦਿੱਤੇ ਜਾਣਗੇ।
- ਪ੍ਰਬੰਧਕ ਸਿੰਘਾਂ ਦੀ ਆਗਿਆ ਤੋਂ ਬਿਨਾਂ ਕਿਸੇ ਨੂੰ ਵੀ ਸਟੇਜ 'ਤੇ ਬੋਲਣ ਦਾ ਅਧਿਕਾਰ ਨਹੀਂ ਦਿੱਤਾ ਜਾਵੇਗਾ।

ਪਰਮ ਸਤਿਕਾਰਯੋਗ, ਗੁਰਬਾਣੀ ਨਾਲ ਹਿੱਤ ਰੱਖਣ ਵਾਲੀਆਂ ਸਮੂਹ ਸੰਪ੍ਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਪੰਥਕ ਵਿਦਵਾਨਾਂ, ਮਹਾਂਪੁਰਖਾਂ ਅਤੇ ਵਿਦਿਆਰਥੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਵਿਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

### ਪ੍ਰੋਗਰਾਮ

3 ਭਾਦਰੋਂ (ਮੰਗਲਵਾਰ) ਬ੍ਰਿ: 2071 ਨਾਨਕ: 545
(19 ਅਗਸਤ 2014) ਤੋਂ
6 ਅਸੂ (ਐਤਵਾਰ) ਬਿ: 2071 ਨਾਨਕ: 545
(21 ਸਤੰਬਰ 2014) ਤੱਕ
ਸਮਾਂ : ਸਵੇਰੇ 8.30 ਤੋਂ 10.30
ਸ਼ਾਮ ਨੂੰ 3.00 ਤੋਂ 5.00 ਵਜੇ ਤੱਕ

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਵੱਧ ਤੋਂ ਵੱਧ ਜਾਣਕਾਰੀ ਲਈ www.sachkibela.org 'ਤੇ ਕਲਿਕ ਕਰੋ**

**ਜਾਣਕਾਰੀ ਲਈ ਸੰਪਰਕ ਕਰੋ : 98762-04624, 94643-62913, 95926-57600**

**ਦਸਮ ਗ੍ਰੰਥ ਵਿਚਾਰ ਮੰਚ (ਹਰਿਆਣਾ, ਦਿੱਲੀ, ਪੰਜਾਬ, ਚੰਡੀਗੜ੍ਹ, ਕਾਨਪੁਰ, ਜੰਮੂ.. ਕੈਨੇਡਾ..) ਵਲੋਂ ਚੈਲੇਂਜ :**

ਪੂਰੇ ਬਚਿਤ੍ਰ ਨਾਟਕ ਗ੍ਰੰਥ / ਕਹੇ-ਜਾਂਦੇ ਦਸਮ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਦੀ ਲਿਖਤ-ਸਾਮਗ੍ਰੀ ਦੀ ਪੜਚੋਲ ਕਰਕੇ ਲਿਖਤੀ-ਰੂਪ ਵਿਚ ਭੇਜੋ ਜੀ ।ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਨੀ ਦੀ ਕਸਵੱਟੀ ਅਤੇ ਪਰਵਾਨਤ, ਨ ਕਿ ਫ਼ਰਜ਼ੀ, ਗੁਰ-ਇਤਿਹਾਸ ਤੇ ਪਰਖ ਕੇ ਇਸ ਸਮੁੱਚੇ ਗ੍ਰੰਥ ਨੂੰ ਦਸਮ-ਗੁਰੂ-ਲਿਖਤ ਸਿਧ ਕਰਣ ਵਾਲੇ ਵਿਦਵਾਨ ਨੂੰ "ਪੰਜ ਕਰੋੜ ਰੁਪਏ ਦਾ ਇਨਾਮ "।

ਲਿਖਤਾਂ pdf ਬਣਾ ਕੇ ਮੇਲ ਭੇਜੋ ਜੀ : E-mail : info@thesikhaffairs.org ; sikhaffairs@yahoo.com ; jarnailelectromechanical@gmail.com ; ds@dioptres.com ; khalsanews@yahoo.com ; rajindersinghskp@yahoo.co.in ; charnjit@sikhsundesh.net

(ਪੰਨਾ ਪਲਟ ਕੇ ਪੜ੍ਹੋ ਜੀ )

**ਪਿਛਲੇ ਪੰਨੇ ਤੇ ਛਪੇ ਇਸ਼ਤਿਹਾਰ ਨੂੰ ਧਿਆਨ ਨਾਲ ਪੜ੍ਹ ਕੇ ਗੁਰੂ ਕੀਆਂ ਸਿਖ-ਸੰਗਤਾਂ ਨੋਟ ਕਰਨ ਜੀ :**

(੧) ਸਭ ਤੋਂ ਉੱਪਰ "ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਮੋਟੇ ਅੱਖਰਾਂ ਵਿਚ ਛਪਿਆ ਹੈ ,
(੨) 'ਸ਼ੁਧ ਗੁਰਬਾਣੀ ਪਾਠ ਬੋਧ ਸਮਾਗਮ' ਬਹੁਤ ਮੋਟੇ ਅੱਖਰਾਂ ਵਿਚ ਛਪਿਆ ਹੈ, ਪਰ ਕਿਹੜੇ ਗ੍ਰੰਥ ਦਾ ਪਾਠ ਬੋਧ ?
(੩) "......ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ" , ਛੋਟੇ ਅੱਖਰਾਂ ਵਿਚ ਛਪਿਆ ਹੈ,
(੪) ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ...ਬਾਣੀ ਗੁਰੂ ਗੁਰੂ ਹੈ ਬਾਣੀ (ਰੁਮਾਲੇ ਤੇ) ਛੋਟੇ ਅੱਖਰਾਂ ਵਿਚ ਛਪਿਆ ਹੈ, (੫) ਸ੍ਰੀ ਦਸਮ ਗ੍ਰੰਥ ਜੀ ਦੀ ਵੱਧ ਤੋਂ ਵੱਧ ਜਾਣਕਾਰੀ ਲਈ www.sachkibela.org ਤੇ ਕਲਿਕ ਕਰੋ ।

**ਗੁਰੂ ਪਿਆਰਿਓ,** ਛੋਟੇ ਅਤੇ ਮੋਟੇ ਅੱਖਰਾਂ ਦੀ ਵਰਤੋਂ ਕਰਨ ਤੋਂ ਅੰਦਾਜ਼ਾ ਸਹਜੇ ਹੀ ਲਾਇਆ ਜਾ ਸਕਦਾ ਹੈ ਕਿ ਪ੍ਰਬੰਧਕਾਂ ਦੀ ਨੀਯਤ ਸਾਫ਼ ਨਹੀ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ-ਆਸਰਾ ਲੈਕੇ ਪ੍ਰਚਾਰ ਦਸਮ ਗ੍ਰੰਥ ਦਾ ਕੀਤਾ ਜਾ ਰਿਹਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦੇਣ ਬਾਰੇ ਕੁਝ ਨਹੀ ਲਿਖਿਆ । ਰਾਧਾ ਸੁਆਮੀ , ਨਕਲੀ ਨਿਰੰਕਾਰੀ ਅਤੇ ਗੁਰਮਤਿ ਵਿਰੋਧੀ ਸੰਤ-ਸਾਧ ਓਟ-ਆਸਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਲੈਕੇ ਸਿਖ ਸੰਗਤਾਂ ਨੂੰ ਗੁਰਮਤਿ, ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਨਾਲੋਂ ਤੋੜ ਕੇ ਆਪਣੇ ਡੇਰੇ / ਦੁਕਾਨਦਾਰੀ ਚਲਾਂਦੇ ਰਹੇ ਹਨ ।...**ਜੈਸਾ ਕਿ ਇਸ਼ਤਿਹਾਰ ਵਿਚ ਛਾਪਿਆ ਹੈ,** ਪ੍ਰਬੰਧਕ ਮੰਨਦੇ ਹਨ ਕਿ "ਦਸ ਗੁਰੂ ਸਾਹਿਬਾਨ ਜੀ ਨੇ ਸਮੁਚੀ ਮਾਨਵਤਾ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ॥" ਪ੍ਰਬੰਧਕਾਂ ਤੋਂ ਪੁਛਿਆ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ "ਸ਼ੁੱਧ ਗੁਰਬਾਣੀ ਪਾਠ ਬੋਧ ਸਮਾਗਮ" ਨ ਕਰਵਾ ਕੇ ਦਸਮ ਗ੍ਰੰਥ ਦਾ ਪਾਠ-ਬੋਧ ਕਿਉਂ ਕਰਵਾ ਰਹੇ ਹਨ ? ਬਚਿਤ੍ਰ ਨਾਟਕ / ਦਸਮ ਗ੍ਰੰਥ ਨੂੰ ਗੁਰਗੱਦੀ ਨਹੀ ਮਿਲੀ , ਤਾਂ ਫਿਰ ਇਸਦੀ ਕੋਈ ਰਚਨਾ ਗੁਰਬਾਣੀ ਕਿਉਂ ਮੰਨੀਏ ?

**ਕੀ ਸਾਡੇ, ਸਾਰੀ ਮਾਨਵਤਾ ਦੇ ਸਤਿਗੁਰੂ,** ਧੰਨ ਗੁਰੂ ਗ੍ਰੰਥ ਸਾਹਿਬ ਜੀ ਇਸਦੀ ਆਗਿਆ ਦਿੰਦੇ ਹਨ ? ਨਹੀ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਹਨ: "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥...(ਰਾਮਕਲੀ ਮ:੩,ਅਨੰਦੁ, ਗੁਰੂ ਗ੍ਰੰਥ ਸਾਹਿਬ ਅੰ ੯੨੦)

**ਚੇਤੇ ਰਖੀਏ,** ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਕਤੂਬਰ ਸਨ ੧੭੦੮ ਵਿਚ ਗੁਰਗੱਦੀ ਨੌਂਵੇ ਨਾਨਕ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਬਾਣੀ "ਮਹਲਾ ੯" ਸਿਰਲੇਖ ਹੇਠ ਆਦਿ ਗ੍ਰੰਥ (੧੬੦੪ ਵਿਚ ਗੁਰੂ ਅਰਜੁਨ ਸਾਹਿਬ ਰਚਿਤ ਗ੍ਰੰਥ) ਵਿਚ ਦਰਜ ਕਰਨ ਤੋਂ ਬਾਦ ਮੌਜੂਦਾ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਦਿੱਤੀ ਸੀ ; ਉਸ ਸਮੇਂ ਹੋਰ ਕੋਈ ਗੁਰੂ ਲਿਖਤ ਗ੍ਰੰਥ ਮੌਜੂਦ ਨਹੀ । ਦਸਮ ਗ੍ਰੰਥ ਵਿਚ ਕਵਿ ਸਯਾਮ, ਕਵਿ ਰਾਮ, ਕਵਿ ਕਾਲ ਦੇ ਨਾਂ ਲਿਖੇ ਮਿਲਦੇ ਹਨ । ਸਮੁੱਚੇ ਦਸਮ ਗ੍ਰੰਥ (ਜਿਸਦਾ ਅਸਲ ਨਾਂ ਬਚਿਤ੍ਰ ਨਾਟਕ ਗ੍ਰੰਥ ਇਸੇ ਗ੍ਰੰਥ ਵਿਚ ਲਿਖਿਆ ਮਿਲਦਾ ਹੈ) ਵਿਚ ਲਿਖੀਆਂ ਗੁਰਮਤਿ-ਵਿਰੁਧ ਗੱਲਾਂ ਉਚੇਚੇ ਧਿਆਨ ਦੇਣ ਯੋਗ ਹਨ : (੧) ਨਾਨਕ ਛਾਪ ਪੂਰੇ ਦਸਮ-ਗ੍ਰੰਥ / ਬਚਿਤ੍ਰ ਨਾਟਕ ਗ੍ਰੰਥ ਵਿਚ ਕਿਸੇ ਵੀ ਪੰਨੇ ਤੇ ਨਹੀ ।
(੨) ਸੰਪੂਰਨ ਮੂਲ ਮੰਤਰ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥" ਕਿਸੇ ਇਕ ਵੀ ਪੰਨੇ ਤੇ ਨਹੀ ਲਿਖਿਆ (ਨੋਟ : ਗੁਰੂ ਗ੍ਰੰਥ ਸਾਹਿਬ ਵਿਚ ੩੩ ਵਾਰੀ ਲਿਖਿਆ ਹੈ, ਇਹੀ ਸਿਖ ਦਾ ਇਸ਼ਟ ਹੈ)।
(੩) ਇਸ ਗ੍ਰੰਥ ਵਿਚ "ਇਸ਼ਟ" ਮਹਾਕਾਲ / ਕਾਲਕਾ, ਦੇਵੀ ਭਗਉਤੀ, ਕਾਲੀ, ਦੇਵੀ ਚੰਡੀ ਹਨ, ੴ ਨਹੀ ।
(੪) ਇਸ ਕਹੇ ਜਾਂਦੇ ਦਸਮ ਗ੍ਰੰਥ ਦੇ ਰਚਨਹਾਰੇ ਦਸਮ ਨਾਨਕ ਨਹੀ, ਬਲਕਿ ਕਵਿ ਸਯਾਮ, ਕਵਿ ਰਾਮ.. ਹਨ ਜੋ ਕਿ ਕਈ ਭੁੱਲਾਂ ਕਰਦੇ ਹਨ ; ਲਿਖਦੇ ਅਤੇ ਮੰਨਦੇ ਹਨ, "ਚੂਕ ਹੋਇ ਕਬਿ ਲੇਹੁ ਸੁਧਾਰੀ ॥ਪੰਨਾ ੧੨੭੩"। ਪਰ, ਗੁਰੂ ਭੁਲਣਹਾਰ ਨਹੀ।
(੫) ਗੁਰ-ਦੀਖਿਆ ਖੰਡੇ-ਬਾਟੇ ਦੀ ਪਾਹੁਲ ਛਕਾਉਣ ਦੀ ਬਜਾਏ ਭੰਗ-ਸ਼ਰਾਬ ਜਬਰਦਸਤੀ ਪਿਲਾ ਕੇ ਦਿੱਤੀ ਜਾਂਦੀ ਹੈ ਅਤੇ ਦੇਵਤਾ ਮਹਾਕਾਲ ਦਾ ਸਿਖ ਬਣਾਇਆ ਜਾਂਦਾ ਹੈ (ਪੰਨਾ ੧੨੧੦)। ਫਿਰ ਮਹਾਕਾਲ ਦਾ ਅਰਥ ਵਾਹਿਗੁਰੂ ਕਿਵੇਂ ਹੋ ਸਕਦਾ ਹੈ ?
(੬) ਔਰਤ ਨੂੰ ਨੀਂਵਾ ਦਰਜਾ ਦਿੱਤਾ : ਇਨ ਇਸਤ੍ਰੀਨ ਕੇ ਚਰਿਤ ਅਪਾਰਾ ॥ ਸਜਿ ਪਛਤਾਨਿਓ ਇਨ ਕਰਤਾਰਾ ॥ਪੰ:੧੨੭੮
(੭) ਪਰ-ਇਸਤ੍ਰੀ ਅਤੇ ਪਰ-ਪੁਰਸ਼ਸੰਗ ਦਾ ਕਰਨ ਦੀ ਸਿਖਿਆ... (ਪੰਨੇ ..੧੦੧੭, ੧੦੪੦, ੧੨੮੧, ੧੩੧੯, ੧੩੪੨...)
(੮) ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਹਸਤੀ , ਸਰਬੰਸ ਦਾਨੀ , ਬਾਦਸ਼ਾਹ-ਦਰਵੇਸ਼ , ਗੁਰੂ ਨਾਨਕ ਮਿਸ਼ਨ ਨੂੰ ਸੰਪੂਰਨ ਕਰਨ ਵਾਲੇ ਪੂਰਨ ਗੁਰੂ ਨੂੰ ਦੇਵੀ-ਪੂਜਕ ਸਿਧ ਕਰਨ ਲਈ , ਗੁਰਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨ ਲਈ ਪੰਥ-ਦੋਖੀਆਂ ਵਲੋਂ ਰਚਿਆ ਗਿਆ ਹੈ ਇਹ ਦਸਮ ਗ੍ਰੰਥ । ਦਸੋ ਜੀ, ਇਸ ਗ੍ਰੰਥ ਵਿਚ ਕੇਸ ਕੱਟਣ ਦੇ ਉਪਦੇਸ਼ ਅਤੇ ਤਰੀਕੇ ਗੁਰੂ ਲਿਖਤ ਹੋਣਗੇ ?

**ਸਿਖ ਸੰਗਤਾਂ ਸੁਚੇਤ / ਸਾਵਧਾਨ ਹੋਵਣ** ।ਗੁਰਮਤਿ ਦੀ ਸਹੀ ਜਾਣਕਾਰੀ ਲਈ ਹੇਠ ਲਿਖੀਆਂ ਵੈਬਸਾਈਟਾਂ ਵੇਖੋ ਜੀ :

**www.thesikhaffairs.org ; www.khalsanews.org ; www.sikhsundesh.net ; www.singhsabhacanada.com**

**(ਦਸਮ ਗ੍ਰੰਥ ਵਿਚਾਰ ਮੰਚ: ਉਪਕਾਰ ਸਿੰਘ 09811512636 ; ਜਸਬਿੰਦਰ ਸਿੰਘ 09872544016 ; ਦਲਬੀਰ ਸਿੰਘ 09899058458 ; ਗੁਰਚਰਨ ਸਿੰਘ 09357329442 ; ਰਾਜਿੰਦਰ ਸਿੰਘ 09876104726 ; ਇੰਦਰਜੀਤ ਸਿੰਘ 09452527879.......)**